# ਅਨੰਦਪੁਰ ਸਾਹਿਬ ਦਾ ਮਤਾ

ਜਦੋਂ ਕਿ ਭਾਰਤ ਦੇ ਸਿੱਖ, ਸਤਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ, ਖ਼ਾਲਸਾ ਪੰਥ ਦੀ ਸਾਜਣਾ ਦੇ ਸਮੇਂ ਤੋਂ ਹੀ ਇਕ ਰਾਜਨੀਤਕ ਕੌਮ ਵਜੋਂ ਤਸਲੀਮ ਕੀਤੇ ਗਏ ਹਨ, ਅਤੇ

ਜਦੋਂ ਕਿ ਸਿੱਖ ਕੌਮ ਦਾ ਇਹ ਰੁਤਬਾ, ਕੌਮਾਂਤਰੀ ਪੱਧਰ 'ਤੇ, ਯੂਰਪ ਅਤੇ ਏਸ਼ੀਆ ਦੀਆਂ ਪ੍ਰਮੁੱਖ ਸ਼ਕਤੀਆਂ ਜਿਵੇਂ ਕਿ ਫਰਾਂਸ, ਇੰਗਲੈਂਡ, ਇਟਲੀ, ਰੂਸ, ਚੀਨ, ਤਿਬਤ, ਪਰਸ਼ੀਆ (ਈਰਾਨ), ਅਫ਼ਗਾਨਿਸਤਾਨ, ਨੇਪਾਲ ਅਤੇ ਕੰਪਨੀ ਬਹਾਦਰ, ਫੋਰਟ ਵਿਲੀਅਮ, ਕਲਕੱਤਾ ਵਲੋਂ ਉਨ੍ਹੀਵੀਂ ਸਦੀ ਦੇ ਅੱਧ ਤੱਕ, ਅਤੇ ਫਿਰ ਮੁਲਕ ਛੱਡ ਕੇ ਜਾਂਦੇ ਫਿਰੰਗੀ, ਹਿੰਦੂ ਕਾਂਗਰਸ ਅਤੇ ਮੁਸਲਿਮ ਲੀਗ ਵਲੋਂ, ਵੀਹਵੀਂ ਸਦੀ ਦੇ ਅੱਧ ਵਿੱਚ, ਤਸਲੀਮ ਕੀਤਾ ਜਾ ਚੁੱਕਾ ਹੈ, ਅਤੇ

ਜਦੋਂ ਕਿ ਹਿੰਦੋਸਤਾਨ ਦੀ ਧੱਕੜ ਬਹੁਗਿਣਤੀ ਨੇ 1950 ਵਿੱਚ ਮੁਲਕ 'ਤੇ ਇਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ, ਜਿਸ ਨੇ ਕਿ ਸਿੱਖਾਂ ਨੂੰ ਉਹਨਾਂ ਦੀ ਰਾਜਸੀ ਪਛਾਣ ਅਤੇ ਸਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ; ਇਸ ਤਰ੍ਹਾਂ ਸਿੱਖਾਂ ਨੂੰ ਰਾਜਸੀ ਤੌਰ 'ਤੇ ਖ਼ਤਮ ਕਰਕੇ ਅਤੇ ਉਹਨਾਂ ਨੂੰ ਆਤਮਕ ਅਤੇ ਸਭਿਆਚਾਰਕ ਗਿਰਾਵਟ ਦੇ ਕੰਢੇ ਲਿਆ ਕੇ, ਬੇਸਿਰ ਪੈਰੇ ਹਿੰਦੂ ਧਰਮ ਦੇ ਖਾਰੇ ਸਾਗਰ ਵਿੱਚ, ਹਰ ਹੀਲੇ ਡੁੱਬ ਜਾਣ ਅਤੇ ਸਦਾ ਲਈ ਤਬਾਹ ਹੋ ਜਾਣ ਤੱਕ ਲੈ ਆਂਦਾ ਹੈ, ਅਤੇ

ਜਦੋਂ ਕਿ ਸਿੱਖਾਂ ਨਾਲ ਪਹਿਲੋਂ ਕੀਤੇ ਸੰਜੀਦਾ ਇਕਰਾਰਨਾਮੇ ਅਤੇ ਸ਼ਰੇਆਮ ਕੀਤੇ ਵਾਅਦਿਆਂ ਨੂੰ ਬੇਲਿਹਾਜ਼ੀ ਨਾਲ ਤੋੜ ਕੇ ਸਿੱਖਾਂ ਨੂੰ ਜਕੜ ਕੇ ਗ਼ੁਲਾਮ ਬਣਾ ਲਿਆ ਗਿਆ ਹੈ, ਜਦ ਕਿ 1950 ਵਿੱਚ, ਵਿਧਾਨ ਘਾੜਨੀ ਸਭਾ ਵਿੱਚ ਸਿੱਖਾਂ ਦੇ ਨੁਮਾਇੰਦਿਆਂ ਨੇ ਅਜਿਹੇ ਸੰਵਿਧਾਨਿਕ ਇੰਤਜਾਮ ਨੂੰ ਪ੍ਰਵਾਨ ਕਰਨ ਵਾਲੀ ਧਿਰ ਬਣਨ ਤੋਂ ਨਾਹ ਕਰ ਦਿੱਤੀ ਸੀ ਅਤੇ ਸੰਵਿਧਾਨ ਦੀ ਮੂਲ ਦਸਤਾਵੇਜ਼ ਉਤੇ ਆਪਣੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਸ਼ਰੋਮਣੀ ਅਕਾਲੀ ਦਲ ਸਿੱਖਾਂ ਦੀ ਤਰਫੋਂ ਅਤੇ ਉਨ੍ਹਾਂ ਦੇ ਨਾਂ 'ਤੇ ਐਲਾਨ ਕਰਦਾ ਹੈ ਕਿ ਸਿੱਖ ਆਪਣੇ ਆਪ ਨੂੰ ਹਰ ਵਾਜਬ ਢੰਗ ਨਾਲ ਇਸ ਜ਼ਿੱਲਤ ਭਰੀ ਅਤੇ ਵਿਨਾਸ਼ਕਾਰੀ ਸਥਿੱਤੀ ਵਿੱਚੋਂ ਬਚਾਉਣ ਅਤੇ ਆਜ਼ਾਦ ਹੋਣ ਲਈ ਦ੍ਰਿੜ੍ਹ ਸੰਕਲਪ ਹਨ, ਤਾਂ ਕਿ ਉਹ ਮਾਣ ਨਾਲ ਜਿਊਣ ਨੂੰ ਪੱਕੇ ਤੌਰ 'ਤੇ ਯਕੀਨੀ ਬਣਾ ਸਕਣ ਅਤੇ ਭਾਰਤ ਵਿੱਚ ਆਪਣੀ ਅਣਖ ਅਤੇ ਸੰਸਾਰ ਦੇ ਇਤਿਹਾਸ ਦੀ ਮੁੱਖ ਧਾਰਾ ਵਿੱਚ ਸਹੀ ਯੋਗਦਾਨ ਪਾ ਸਕਣ ਦੇ ਆਪਣੇ ਜਮਾਂਦਰੂ ਹੱਕ ਨੂੰ ਬਹਾਲ ਕਰ ਸਕਣ।

ਇਸ ਲਈ ਸਿੱਖ ਮੰਗ ਕਰਦੇ ਹਨ, ਕਿ ਸਭ ਤੋਂ ਪਹਿਲਾਂ ਬਿਨਾਂ ਦੇਰ ਕੀਤਿਆਂ, ਭਾਰਤ ਦੇ ਉੱਤਰ ਵਿੱਚ ਇੱਕ ਖ਼ੁਦਮੁਖਤਿਆਰ ਖਿੱਤਾ ਕਾਇਮ ਕੀਤਾ ਜਾਵੇ, ਜਿੱਥੇ ਕਿ ਦੇਸ਼ ਦੀ ਬੁਨਿਆਦੀ ਨੀਤੀ ਵਜੋਂ, ਸਿੱਖ ਹਿੱਤਾਂ ਦੀ ਸੰਵਿਧਾਨਿਕ ਤੌਰ 'ਤੇ ਪ੍ਰਮੁੱਖ ਅਤੇ ਖ਼ਾਸ ਅਹਿਮੀਅਤ ਤਸਲੀਮ ਕੀਤੀ ਜਾਵੇ।

ਦੂਸਰਾ, ਇਸ ਖ਼ੁਦਮੁਖਤਾਰ ਖਿੱਤੇ ਵਿੱਚ ਮੌਜੂਦਾ ਭਾਰਤੀ ਪੰਜਾਬ ਅਤੇ ਹਰਿਆਣਾ ਦੇ ਕਰਨਾਲ, ਥਨੇਸਰ ਅਤੇ ਅੰਬਾਲਾ ਜ਼ਿਲ੍ਹੇ, ਚਡੀਗੜ੍ਹ, ਹਿਮਾਚਲ ਦੇ ਕਾਂਗੜਾ ਜਿਲ੍ਹੇ ਦੇ ਸਮੇਤ, ਹਰਿਆਣਾ ਅਤੇ ਹਿਮਾਚਲ ਦੇ ਪਿੰਜੌਰ, ਕਾਲਕਾ, ਡਲਹੌਜ਼ੀ, ਨਾਲਾਗੜ੍ਹ ਦੇਸ਼ ਸਿਰਸਾ, ਗੂਹਲਾ ਅਤੇ ਰਤੀਆ ਇਲਾਕੇ ਅਤੇ ਰਾਜਸਥਾਨ ਦਾ ਗੰਗਾਨਗਰ ਜਿਲ੍ਹਾ ਤਾਂ ਜੋ ਸਿੱਖਾਂ ਦੀਆਂ, ਨਾਲੋਂ ਨਾਲ ਲੱਗਦੀਆਂ, ਪ੍ਰਮੁੱਖ ਆਬਾਦੀਆਂ ਅਤੇ ਜੱਦੀ ਪੁਸ਼ਤੀ ਸਿੱਖ ਇਲਾਕੇ,ਭਾਰਤ ਦੇ ਅਟੁੱਟ ਹਿੱਸੇ ਵਜੋਂ ਇਹ ਖ਼ੁਦਮੁਖਤਿਆਰ ਸਿੱਖ ਖਿੱਤੇ ਵਿੱਚ ਸ਼ਾਮਲ ਕੀਤੇ ਜਾਣ, ਅਤੇ

ਤੀਸਰਾ, ਇਸ ਖ਼ੁਦਮੁਖਤਿਆਰ ਸਿੱਖ ਖਿੱਤੇ ਨੂੰ, ਵਿਦਸ਼ੀ ਮਾਮਲੇ, ਸੁਰੱਖਿਆ, ਕਰੰਸੀ ਅਤੇ ਆਮ ਸੰਚਾਰ ਦੇ ਮਹਿਕਮਿਆਂ ਨੂੰ ਫੈਡਰਲ ਭਾਰਤ ਸਰਕਾਰ ਦੇ ਅਧਿਕਾਰ ਵਿੱਚ ਛੱਡ ਕੇ ਸੰਪੂਰਨ ਸੱਤਾ ਨੂੰ ਆਪਣੇ ਹੱਥ ਵਿੱਚ ਰੱਖਣ ਖ਼ਾਤਰ, ਆਪਣਾ ਅੰਦਰੂਨੀ ਸੰਵਿਧਾਨ ਆਪ ਘੜਨ ਦਾ ਅਧਿਕਾਰੀ ਐਲਾਨ ਕੀਤਾ ਜਾਵੇ।

ਸਾਹਿਬ ਦਸਮ ਪਾਤਸ਼ਾਹ ਸਭ ਥਾਂਈਂ ਹੋਹੁ ਸਹਾਇ